edudwar.com

# ਨਮੂਨੇ ਦਾ ਪ੍ਰਸ਼ਨ ਪੱਤਰ

## ਪੰਜਾਬੀ

## *104*

## ਬਾਰ੍ਹਵੀਂ *(XII)*

***Time allowed : 3 hours*** | ***Maximum Marks : 100***

*ਸਮਾਂ ੩ ਘੰਟੇ* | *ਅੰਕ ੧੦੦*

**ਲਿਖਾਈ ਸੁੰਦਰ ਤੇ ਸਾਫ਼-ਸਾਫ਼ ਲਿਖਣ ਦਾ ਯਤਨ ਕਰੋ—**

ਹੇਠ ਲਿਖੇ ਪੈਰਿਆਂ ਨੂੰ ਧਿਆਨ ਨਾਲ ਪੜ੍ਹ ਕੇ ਉਸਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ— **10**

ਕੁਝ ਲੋਕਾਂ ਦਾ ਵਿਚਾਰ ਹੈ ਕਿ ਖੇਡਣ ਨਾਲ ਸਮਾਂ ਵਿਅਰਥ ਜਾਂਦਾ ਹੈ ਸਿਹਤ ਨੂੰ ਠੀਕ ਅਤੇ ਤੰਦਰੁਸਤ ਰੱਖਣ ਲਈ ਕਸਰਤ ਕਰ ਲੈਣੀ ਹੀ ਬਹੁਤ ਹੈ, ਪਰ ਇਹ ਵਿਚਾਰ ਠੀਕ ਨਹੀਂ ਹੈ। ਖੇਡਣ ਨਾਲ ਸਿਹਤ ਬਣਾਉਣ ਦੇ ਨਾਲ-ਨਾਲ ਮਨੁੱਖ ਕੁਝ ਅਜਿਹੇ ਗੁਣ ਵੀ ਸਿੱਖਦਾ ਹੈ ਜਿਨ੍ਹਾਂ ਦਾ ਵਿਸ਼ੇਸ਼ ਮਹੱਤਵ ਹੈ ਅਤੇ ਜਿਹੜੇ ਕਸਰਤ ਤੋਂ ਹਾਸਲ ਨਹੀਂ ਹੋ ਸਕਦੇ। ਇੱਕ ਦੂਜੇ ਨਾਲ ਮਿਲ ਕੇ ਕੰਮ ਕਰਨਾ, ਜਿੱਤ ਹਾਸਲ ਕਰਨ 'ਤੇ ਘਮੰਡ ਨਾ ਕਰਨਾ, ਹਾਰ ਜਾਣ ਤੇ ਉਮੀਦ ਨਾ ਛੱਡਣਾ, ਖ਼ਾਸ ਉੱਦੇਸ਼ ਦੀ ਪੂਰਤੀ ਲਈ ਨੇਕ ਕੰਮ ਕਰਨਾ ਆਦਿ ਅਜਿਹੇ ਗੁਣ ਹਨ ਜਿਹੜੇ ਖੇਡਾਂ ਦੁਆਰਾ ਸਹਿਜੇ ਹੀ ਸਿੱਖੇ ਜਾ ਸਕਦੇ ਹਨ। ਆਮ ਤੌਰ ਤੇ ਲੋਕ ਅਸਫਲ ਹੋਣ ਤੇ ਸਾਰੀਆਂ ਉਮੀਦਾਂ ਛੱਡ ਬੈਠਦੇ ਹਨ ਅਤੇ ਦੁਬਾਰਾ ਜਤਨ ਨਹੀਂ ਕਰਦੇ। ਪਰ ਇੱਕ ਚੰਗਾ ਖਿਡਾਰੀ ਹਾਰਨ ਦੇ ਬਾਅਦ ਵੀ ਜਤਨ ਕਰਦਾ ਰਹਿੰਦਾ ਹੈ ਤਾਂ ਕਿ ਅੱਗੇ ਚਲ ਕੇ ਹਾਰੀ ਹੋਈ ਬਾਜ਼ੀ ਨੂੰ ਜਿੱਤ ਸਕੇ। ਇਨ੍ਹਾਂ ਗੱਲਾਂ ਤੋਂ ਪਤਾ ਲਗਦਾ ਹੈ ਕਿ ਖੇਡ ਦੇ ਮੈਦਾਨ ਵਿੱਚ ਸਿਰਫ਼ ਸਿਹਤ ਹੀ ਨਹੀਂ ਬਣਦੀ, ਸਗੋਂ ਮਨੁੱਖ ਵੀ ਬਣਦਾ ਹੈ।

(ੳ) ਖੇਡ ਅਤੇ ਕਸਰਤ ਬਾਰੇ ਆਮ ਧਾਰਨਾ ਕੀ ਹੈ?

(ਅ) ਮਨੁੱਖੀ ਗੁਣਾਂ ਦੇ ਵਿਕਾਸ ਬਾਰੇ ਪੈਰੇ ਦੇ ਆਧਾਰ ਤੇ ਆਪਣੇ ਵਿਚਾਰ ਲਿਖੋ।

(ੲ) ਅਸਫਲ ਹੋਣ ਤੇ ਲੋਕ ਕੀ ਕਰਦੇ ਹਨ?

(ਸ) ਚੰਗੇ ਖਿਡਾਰੀ ਦੇ ਕੀ ਗੁਣ ਹੁੰਦੇ ਹਨ?

(ਹ) ਇਸ ਪੈਰੇ ਦਾ ਢੁਕਵਾਂ ਸਿਰਲੇਖ ਲਿਖੋ।

ਪ੍ਰਸ਼ਨ 2. ***ਕਿਸੇ ਇੱਕ*** ਵਿਸ਼ੇ ਤੇ 200 ਸ਼ਬਦਾਂ ਦਾ ਲੇਖ ਲਿਖੋ— **10**

(i) ਮੇਰੀ ਮਨ ਪਸੰਦ ਪੁਸਤਕ

(ii) ਇੰਟਰਨੈਟ ਦਾ ਵੱਧ ਰਿਹਾ ਪ੍ਰਭਾਵ

(iii) ਪਰਿਵਰਤਨ ਸੰਸਾਰ ਦਾ ਨਿਯਮ

(iv) ਸੋ ਕਿਉਂ ਮੰਦਾ ਆਖੀਐ

ਪ੍ਰਸ਼ਨ 3. ਆਪਣਾ ਨਾਂ ਬਦਲਣ ਦੀ ਸੂਚਨਾ ਬਾਰੇ ਇਸ਼ਤਿਹਾਰ ਤਿਆਰ ਕਰੋ। **7**

***ਜਾਂ***

*'ਈ-ਮੇਲ'* ਮੈਸਜ ਦੇ ਵੱਖ-ਵੱਖ ਹਿੱਸਿਆਂ ਬਾਰੇ ਜਾਣਕਾਰੀ ਦਿਉ।

ਪ੍ਰਸ਼ਨ 4. ਆਪਣੇ ਇਲਾਕੇ ਦੇ ਬਜ਼ੁਰਗਾਂ ਲਈ ਇਕ ਕਲੱਬ ਖੋਲ੍ਹਣ ਦੀ ਅਪੀਲ ਨੂੰ ਪੰਜਾਬੀ ਅਖ਼ਬਾਰ ਵਿੱਚ ਛਪਵਾਉਣ ਲਈ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ। **8**

***ਜਾਂ***

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ, ਜਿਸ ਵਿਚ ਨਿੱਤ ਵਰਤੋਂ ਦੀਆਂ ਕੀਮਤਾਂ ਵਿੱਚ ਵਾਧੇ ਬਾਰੇ ਚਿੰਤਾ ਪ੍ਰਗਟ ਕਰੋ।

ਪ੍ਰਸ਼ਨ 5. ਹੇਠ ਲਿਖੇ ਮੁਹਾਵਰਿਆਂ ਵਿੱਚੋਂ **ਤਿੰਨ ਦੇ** ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ— 3

1. ਟਕਾ ਪੱਲੇ ਨਾ ਹੋਣਾ
2. ਥਾਂ-ਥਾਂ ਦਾ ਪਾਣੀ ਪੀਣਾ
3. ਨਜ਼ਰ ਕਰਨਾ
4. ਪਹਾੜ ਪੁੱਟਣਾ
5. ਮੱਤ ਮੋਟੀ ਹੋਣਾ

ਪ੍ਰਸ਼ਨ 6. (1) ਹੇਠ ਲਿਖਿਆਂ ਵਿੱਚੋਂ ਸ਼ੁੱਧ ਸ਼ਬਦ ਜੋੜ ਚੁਣੋ—

(i) (ੳ) ਸੇਹਤ (ਅ) ਸਹਿਤ 2

(ੲ) ਸਿਹਤ (ਸ) ਸਹਤਿ

(ii) (ੳ) ਸੂਜ (ਅ) ਸੂਝ

(ੲ) ਸੁੰਜ (ਸ) ਸੁਝ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ— 2

ਘਭਰਾਹਟ, ਅੰਬਰਸਰ

(3) ਸ਼ਬਦ ਜੋੜਾਂ ਦੇ ਨੇਮਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿੱਚੋਂ ਕਿਹੜਾ ਸ਼ਬਦ ਵਰਤਿਆ ਜਾਵੇਗਾ। 2

(i) ਗੁਰਬੀਰ ਨੇ ਆਪਣੇ ਪਿਤਾ ਜੀ ਦੀ ਮਿਹਨਤ ਨਾਲ ਕਮਾਈ ਸਾਰੀ ਪੂੰਜੀ/ਪੂੰਝੀ ਗਲਤ ਕੰਮਾਂ ਵਿੱਚ ਲਗਾ ਕੇ ਬਰਬਾਦ ਕਰ ਦਿੱਤੀ।

(ii) ਬੱਚੇ ਸ਼ੋਰ ਕਰ ਰਹੇ ਸਨ ਇਸ ਲਈ ਮਾਸਟਰ ਜੀ ਨੇ ਸਭ/ਸਬ ਨੂੰ ਸਜਾ ਦਿੱਤੀ।

ਪ੍ਰਸ਼ਨ 7. ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ— 3

ਭਾਸ਼ਾ ਇਨਸਾਨ ਨੂੰ ਬਣਾਉਂਦੀ ਹੈ ਨੈਤਿਕਤਾ ਅਤੇ ਚੰਗੀਆਂ ਕਦਰਾਂ ਕੀਮਤਾਂ ਦਾ ਵਿਕਾਸ ਕਰਦੀ ਹੈ ਇੱਕ ਦੂਜੇ ਨਾਲ ਪਿਆਰ ਕਰਨਾ ਸਿਖਾਉਂਦੀ ਹੈ

ਪ੍ਰਸ਼ਨ 8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਕਰੋ— 3

(i) ਇਕ ਪਾਣੀ ਦਾ ਗਲਾਸ ਦਿਓ।

(ii) ਸਰਦਿਆਂ ਵਿੱਚ ਹੋ ਜਾਂਦਾ ਹੈ ਮੈਨੂੰ ਜ਼ੁਕਾਮ ਕਈ ਵਾਰੀ।

(iii) ਕਿਸ ਦੇ ਹਨ ਇਹ ਬੱਚੇ।

**9.** ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿੱਚੋਂ **ਕਿਸੇ ਇਕ** ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ— 8

ਪੱਕ ਗਈਆਂ ਕਣਕਾਂ, ਲੁਕਾਠ ਰੱਸਿਆ
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੇਲਾਂ, ਵੇਲਾਂ ਰੁੱਖੀਂ ਚੜ੍ਹੀਆਂ,
ਫੁੱਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸੱਵਲੀ ਏ,
ਚੱਲ ਨੀ ਪਰੇਮੀਏ! ਵਿਸਾਖੀ ਚੱਲੀਏ।

(i) ਉਪਰੋਕਤ ਕਾਵਿ ਟੁਕੜੀ ਕਿਸ ਕਵਿਤਾ ਵਿਚੋਂ ਲਈ ਹੈ, ਇਸ ਦੇ ਕਵੀ ਕੌਣ ਹਨ?

(ii) ਬਹਾਰ ਨੇ ਕਿੱਥੇ ਰੰਗ ਫੇਰਿਆ ਹੈ?

(iii) 'ਲਿਫਾਈਆਂ' ਦਾ ਕੀ ਅਰਥ ਹੈ? ਕਾਵਿ ਟੁਕੜੀ ਵਿੱਚ ਇਹ ਸ਼ਬਦ ਕਿਸ ਲਈ ਵਰਤਿਆ ਗਿਆ ਹੈ?

(iv) ਕਵੀ ਕਿਸ ਨੂੰ ਤੇ ਕੀ ਸੰਬੋਧਨ ਕਰ ਰਿਹਾ ਹੈ?

***ਜਾਂ***

ਫਿਰ ਕਿਸੇ, ਪਰੀ-ਲੋਕ 'ਚੋਂ ਇਕ ਸ਼ਹਿਜ਼ਾਦਾ ਆਉਂਦਾ
ਤੇ ਉਹਨੂੰ, ਉਹ ਕੁੱਲ ਜੰਗਲ ਦੀ ਸੈਰ ਕਰਾਉਂਦਾ
ਇਕ ਦਿਨ ਫੇਰ ਇਵੇਂ ਦਾ ਆਉਂਦਾ
ਉਹ ਸ਼ਹਿਜ਼ਾਦਾ
ਓਸ ਕੁੜੀ ਨੂੰ
ਵਰ ਕੇ ਦੂਰ ਦੇਸ਼ ਲੈ ਜਾਂਦਾ
ਹੱਸਦਾ ਹੱਸਦਾ ਗਾਉਂਦਾ ਗਾਉਂਦਾ

(i) ਇਹ ਸਤਰਾਂ ਕਿਸ ਕਵਿਤਾ ਵਿੱਚੋਂ ਹਨ? ਇਨ੍ਹਾਂ ਦੇ ਕਵੀ ਦਾ ਨਾਂ ਲਿਖੋ।

(ii) ਪਰੀ ਲੋਕ ਤੋਂ ਕੌਣ ਆਉਂਦਾ ਹੈ?

(iii) ਕੁੜੀ ਨੂੰ ਕੌਣ ਵਰ ਕੇ ਲੈ ਜਾਂਦਾ ਹੈ?

(iv) 'ਕੁੱਲ ਜੰਗਲ' ਤੋਂ ਕੀ ਭਾਵ ਹੈ?

**10.** **ਕਿਸੇ ਇਕ** ਕਾਵਿ ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ— **7**

ਜ਼ਹਿਰੀ ਦੁੱਧ ਖ਼ੂਨੀ ਗਾਂ
ਕਿਥੋਂ ਲਭੀਏ ਕਬਰ ਲਈ ਥਾਂ
ਕੇਹਾ ਮੁਲਕ ਕੇਹਾ ਗਰਾਂ
ਮਰ ਗਿਆ ਹੁਣ ਸੱਚਾ ਨਿਆਂ
ਆਪਣੇ ਖ਼ੂਨ ਦੀ ਵਗੇ ਝਨਾਂ
ਰਿਸ਼ਤਿਆਂ ਦਾ ਕੀ ਰੱਖੀਏ ਨਾਂ

ਜਾਂ

ਸੁਪਨੇ ਵਿਚ ਤੁਸੀਂ ਮਿਲੇ ਅਸਾਂ ਨੂੰ, ਅਸਾਂ ਧਾ ਗਲਵੱਕੜੀ ਪਾਈ
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।
ਧਾ ਚਰਨਾਂ ਤੇ ਸੀਸ ਨਿਵਾਇਆ, ਸਾਡੇ ਮੱਥੇ ਛੋਹ ਨਾ ਪਾਈ।
ਤੁਸੀਂ ਉੱਚੇ ਅਸੀਂ ਨੀਵੇਂ ਸਾਂ, ਸਾਡੀ ਪੇਸ਼ ਨ ਗਈਆ ਕਾਈ।

**11.** ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹ ਕੇ **ਕਿਸੇ ਇੱਕ** ਦੇ ਉੱਤਰ ਦਿਓ—

'ਬੇਟਾ ਜੀ ਸਿੱਧੇ ਤੁਰਦੇ ਜਾਓ। ਸੱਜੇ ਖੱਬੇ, ਜੀਵ-ਜੰਤੂਆਂ ਤੋਂ ਨਾ ਡਰਨਾ। ਇਹ ਸਾਡੇ ਪਿਆਰੇ ਮਿੱਤਰ ਹਨ....।'

(i) ਉਪਰੋਕਤ ਵਾਰਤਾ ਕਿਸ ਰਚਨਾ ਵਿੱਚੋਂ ਲਈ ਗਈ ਹੈ? (1)

(ii) ਕੌਣ ਤੇ ਕਿਸ ਨੂੰ ਸੰਬੋਧਨ ਕਰ ਰਿਹਾ ਹੈ? (1)

(iii) ਸਾਡੇ ਪਿਆਰੇ ਮਿੱਤਰ ਕਿਸ ਨੂੰ ਕਿਹਾ ਗਿਆ ਹੈ? (1)

***ਜਾਂ***

'ਘਰੋਂ ਬਾਹਰ ਹੀ ਨੀ ਨਿਕਲਿਆ, ਮੇਰੀ ਮੰਮੀ ਬਿਮਾਰ ਸੀ ਨਾ।'

(i) ਘਰੋਂ ਕੌਣ ਬਾਹਰ ਨਹੀਂ ਨਿਕਲਿਆ ਸੀ ਤੇ ਕਿਉਂ? (1)

(ii) ਕਿਸ ਨੂੰ ਭੁਲੇਖਾ ਲੱਗਿਆ ਸੀ? (1)

(iii) ਉਪਰੋਕਤ ਵਾਰਤਾਲਾਪ ਦੇ ਲੇਖਕ ਦਾ ਨਾਂ ਦੱਸੋ? (1)

**12.** 'ਗੁਆਚਿਆ ਮੁੰਡਾ' ਕਿਸ਼ੋਰ ਨਾਵਲ ਰਾਹੀਂ ਲੇਖਕ ਕੀ ਸੁਨੇਹਾ ਦੇ ਰਿਹਾ ਹੈ? ਉੱਤਰ 100-125 ਸ਼ਬਦਾਂ ਵਿਚ ਲਿਖੋ। **7**

***ਜਾਂ***

ਘੋਗੇ ਨੂੰ ਵਿਗਿਆਨੀ ਬਾਬੇ ਨਾਲ ਮਿਲਕੇ ਕੀ ਮਹਿਸੂਸ ਹੋਇਆ? ਘੋਗੇ ਦੇ ਜੀਵਨ ਵਿੱਚ ਆਏ ਬਦਲਾਓ ਬਾਰੇ 100-125 ਸ਼ਬਦਾਂ ਵਿੱਚ ਲਿਖੋ।

**13.** ਕਿਸੇ ਇਕ ਪ੍ਰਸੰਗ ਦੇ ਆਧਾਰ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਦਿਓ—

ਦੋ ਸੌ ਗਜ ਦਾ ਪਲਾਟ ਤਾਂ ਉਸ ਭਲਿਆਂ ਵਕਤਾਂ ਵਿੱਚ ਪੰਜ ਰੁਪਏ ਗਜ ਦੇ ਹਿਸਾਬ ਨਾਲ ਖਰੀਦਿਆ ਹੋਇਆ ਸੀ ਤੇ ਹੁਣ ਸਰਕਾਰ ਵੱਲੋਂ ਅੱਠ ਹਜ਼ਾਰ ਰੁਪਏ ਦਾ ਕਰਜ਼ਾ ਮਿਲ ਜਾਣ ਤੇ ਉਸ ਤਿੰਨ ਦਿਨ ਦੀ ਛੁੱਟੀ ਲੈ, ਮਕਾਨ ਬਣਾਉਣ ਦੀ ਸਲਾਹ ਪੱਕੀ ਕਰ ਲਈ ਸੀ?

(i) ਇਹ ਵਾਰਤਾ ਕਿਹੜੀ ਕਹਾਣੀ ਵਿੱਚੋਂ ਲਈ ਗਈ ਹੈ? (1)

(ii) ਪਲਾਟ ਦਾ ਮਾਪ ਕਿੰਨਾ ਸੀ? (1)

(iii) ਅੱਠ ਹਜ਼ਾਰ ਰੁਪਏ ਕਿਸ ਨੇ ਤੇ ਕਿਉਂ ਲਿਤੇ ਸਨ। (1)

(iv) ਪਲਾਟ ਕਿਸ ਮੁੱਲ ਤੇ ਖਰੀਦਿਆ ਗਿਆ ਸੀ? (1)

(v) ਕਿਹੜੀ ਸਲਾਹ ਪੱਕੀ ਕਰ ਲਈ ਗਈ ਸੀ? (1)

***ਜਾਂ***

'ਖ਼ੈਰ! ਉਸ ਦਾ ਜੋ ਵੀ ਨੰਬਰ ਸੀ, ਨਾਮ ਸੀ, ਉਹ ਬਿਨਾਂ ਕੁੱਝ ਜਾਣਿਆਂ, ਸਮਝਿਆਂ ਬਹਾਦਰੀ ਨਾਲ ਲੜ ਕੇ ਮਰ ਗਿਆ।' ਸੂਬੇਦਾਰ ਪੂਰਨ ਸਿੰਘ ਨੇ ਉਸ ਸੈਨਿਕ ਨੂੰ ਲੜਦਿਆਂ ਹੋਇਆਂ ਨਹੀਂ ਸੀ ਵੇਖਿਆ, ਪਰ ਏਨੀ ਕੁ ਪ੍ਰਾਰਥਨਾ ਕਰਨੀ ਤਾਂ ਵਾਜਬ ਹੀ ਸੀ।'

(i) ਇਸ ਵਾਰਤਾ ਦੇ ਲੇਖਕ ਕੌਣ ਹਨ? (1)

(ii) ਇਹ ਸ਼ਬਦ ਕੌਣ ਕਹਿ ਰਿਹਾ ਹੈ? (1)

(iii) ਮਰਨ ਵਾਲੇ ਦਾ ਨੰਬਰ ਇਸ ਵਾਰਤਾ ਤੋਂ ਪਤਾ ਲੱਗ ਰਿਹਾ ਹੈ? (1)

(iv) ਕਿਸ ਲਈ ਤੇ ਕਿਉਂ ਪ੍ਰਾਰਥਨਾ ਕਰਨ ਬਾਰੇ ਸੋਚ ਬਣ ਰਹੀ ਹੈ? (1)

(v) 'ਵਾਜਬ' ਦਾ ਅਰਥ ਲਿਖੋ। (1)

**14.** 'ਆਪਣਾ-ਆਪਣਾ ਹਿੱਸਾ' ਕਹਾਣੀ ਕਿਸ ਉਦੇਸ਼ ਨੂੰ ਮੁੱਖ ਰੱਖ ਕੇ ਲਿਖੀ ਗਈ ਹੈ? ਉੱਤਰ 100-125 ਸ਼ਬਦਾਂ ਵਿੱਚ ਸਪੱਸ਼ਟ ਕਰੋ। **5**

***ਜਾਂ***

ਤਿਲਚੌਲੀ ਕਹਾਣੀ ਦੇ ਮੁੱਖ ਪਾਤਰ ਦੇ ਜੀਵਨ ਵਿਚ ਕੀ-ਕੀ ਬਦਲਾਓ ਆਏ? ਆਪਣੇ ਸ਼ਬਦਾਂ ਵਿੱਚ ਲਿਖੋ।

**15.** ਗੁਰਮਤਿ ਕਾਵਿ ਦੇ ਵਿਕਾਸ ਬਾਰੇ 150-200 ਸ਼ਬਦਾਂ ਵਿੱਚ ਜਾਣਕਾਰੀ ਦਿਓ। **10**

***ਜਾਂ***

ਆਧੁਨਿਕ ਕਾਵਿ ਦੀ ਉਤਪਤੀ ਤੇ ਵਿਕਾਸ ਬਾਰੇ 150-200 ਸ਼ਬਦਾਂ ਵਿਚ ਜਾਣਕਾਰੀ ਦਿਓ।

16. ਕਦਰਾਂ ਕੀਮਤਾਂ ਤੇ ਆਧਾਰਿਤ— 5

ਉਜੜ ਪੁਜੜ ਕੇ ਪਹਿਲਾਂ ਬੇਘਰ ਬਣੇ......ਹੁਣ ਲੋਕਾਂ ਦੇ ਦਾਨ ਨਾਲ ਢਿੱਡ ਭਰਾਂ.....? ਖ਼ਰਾਇਤ ਖਾਵਾਂ ? ਦਾਨ ਲਵਾਂ.....?

**ਉਪਰੋਕਤ ਸਤਰਾਂ ਤੋਂ ਪਤਾ ਲੱਗਦਾ ਹੈ ਕਿ ਦੇਸ ਭਗਤ ਦੇਸ ਰਾਜ ਆਪਣੀ ਦੇਸਭਗਤੀ ਦੀ ਕੀਮਤ ਨਹੀਂ ਚਾਹੁੰਦਾ ਪਰ ਕੀ ਇਹ ਵਿਚਾਰ ਅੱਜ ਦੇ ਸਮੇਂ ਵਿੱਚ ਸਾਕਾਰ ਹੋ ਰਿਹਾ ਹੈ? ਆਪਣੇ ਵਿਚਾਰ 100-125 ਸ਼ਬਦਾਂ ਵਿਚ ਦਿਓ।**